# ਕੋਰੋਨਰੀ ਜਾਂਚਾਂ – ਇਨਕੁਇਸਟ (ਤਫ਼ਤੀਸ਼) ਦੌਰਾਨ ਕੀ ਉਮੀਦ ਕਰਨੀ ਹੈ

ਕੋਰੋਨਰਜ਼ ਕੋਰਟ ਆਫ਼ ਕੁਈਨਜ਼ਲੈਂਡ (CCQ) ਰਿਪੋਰਟ ਕਰਨ ਯੋਗ ਮੌਤਾਂ ਦੀ ਸੁਤੰਤਰ ਤੌਰ 'ਤੇ ਜਾਂਚ ਕਰਦੀ ਹੈ।

ਅਸੀਂ ਤੁਹਾਡੇ ਨੁਕਸਾਨ ਲਈ ਤੁਹਾਡੇ ਨਾਲ ਆਪਣੇ ਦੁੱਖ ਦਾ ਪ੍ਰਗਟਾਵਾ ਕਰਦੇ ਹਾਂ।

ਇਹ ਤੱਥ ਪੱਤਰ ਇਨਕੁਇਸਟ ਬਾਰੇ ਆਮ ਜਾਣਕਾਰੀ ਪ੍ਰਦਾਨ ਕਰਨ ਲਈ ਹੈ। ਜੇਕਰ ਤੁਹਾਨੂੰ ਵਧੇਰੇ ਜਾਣਕਾਰੀ ਦੀ ਲੋੜ ਹੈ, ਤਾਂ ਕਿਰਪਾ ਕਰਕੇ ਇਹ ਵੇਖੋ: https://www.coronerscourt.qld.gov.au/__data/assets/pdf_file/0009/749412/Coronial-investigation-guide-for-families-and-friends.pdf

## ਇਨਕੁਇਸਟ ਕੀ ਹੁੰਦਾ ਹੈ?

ਇਨਕੁਇਸਟ ਇੱਕ ਅਦਾਲਤੀ ਕਾਰਵਾਈ ਹੁੰਦੀ ਹੈ ਜੋ ਕੋਰੋਨਰ ਦੁਆਰਾ ਕਿਸੇ ਮੌਤ ਜਾਂ ਉਸੇ ਤਰੀਕੇ ਨਾਲ ਹੋਈਆਂ ਕਈ ਸੰਬੰਧਿਤ ਮੌਤਾਂ ਦੇ ਕਾਰਨ ਅਤੇ ਹਾਲਾਤਾਂ ਬਾਰੇ ਜਾਣਕਾਰੀ **ਇਕੱਠੀ ਕਰਨ ਦੇ ਤਰੀਕੇ** ਵਜੋਂ ਕੀਤੀ ਜਾਂਦੀ ਹੈ।

ਇਨਕੁਇਸਟ ਮੁਕੱਦਮੇ ਨਹੀਂ ਹੁੰਦੇ ਹਨ: ਉਹਨਾਂ ਵਿੱਚ ਕੋਈ ਜਿਊਰੀ ਸ਼ਾਮਿਲ ਨਹੀਂ ਹੁੰਦੀ ਅਤੇ ਨਾ ਹੀ ਇਨ੍ਹਾਂ ਦਾ ਧਿਆਨ ਦੋਸ਼ ਜਾਂ ਜ਼ਿੰਮੇਵਾਰੀ ਦੇ ਸਵਾਲਾਂ 'ਤੇ ਕੇਂਦ੍ਰਿਤ ਹੁੰਦਾ ਹੈ।

ਕੋਰੋਨਰ ਤੱਥ ਨਿਰਧਾਰਤ ਕਰਨ ਅਤੇ ਭਵਿੱਖ ਵਿੱਚ ਇਸ ਤਰ੍ਹਾਂ ਦੀਆਂ ਮੌਤਾਂ ਨੂੰ ਰੋਕਣ ਲਈ ਸਿਫ਼ਾਰਸ਼ਾਂ ਕਰਨ ਦੇ ਉਦੇਸ਼ ਨਾਲ ਇਨਕੁਇਸਟ ਦੀ ਵਰਤੋਂ ਕਰਦੇ ਹਨ।

## ਇਨਕੁਇਸਟ ਦੌਰਾਨ ਕੀ ਹੁੰਦਾ ਹੈ?

ਹਰ ਇਨਕੁਇਸਟ ਦੀ ਜਟਿਲਤਾ ਵੱਖ-ਵੱਖ ਹੋ ਸਕਦੀ ਹੈ, ਪਰ ਆਮ ਤੌਰ 'ਤੇ ਕੋਰੋਨਰ ਉਹਨਾਂ ਲੋਕਾਂ ਤੋਂ ਸਬੂਤ (ਗਵਾਹੀ ਜਾਂ ਬਿਆਨ) ਸੁਣਦਾ ਹੈ ਜਿਨ੍ਹਾਂ ਕੋਲ ਮ੍ਰਿਤਕ ਵਿਅਕਤੀ ਦੀ ਮੌਤ ਦੇ ਹਾਲਾਤਾਂ ਬਾਰੇ ਜਾਣਕਾਰੀ ਹੋ ਸਕਦੀ ਹੈ। ਗਵਾਹੀ ਜਾਂ ਬਿਆਨ ਦੇਣ ਵਾਲਿਆਂ ਵਿੱਚ ਪੁਲਿਸ ਅਧਿਕਾਰੀ, ਪਰਿਵਾਰਕ ਮੈਂਬਰ, ਪੇਸ਼ੇਵਰ ਮਾਹਰ ਜਿਵੇਂ ਕਿ ਡਾਕਟਰ ਅਤੇ ਵਿਗਿਆਨੀ, ਚਸ਼ਮਦੀਦ ਗਵਾਹ ਅਤੇ ਜਨਤਾ ਦੇ ਮੈਂਬਰ ਸ਼ਾਮਲ ਹੋ ਸਕਦੇ ਹਨ। ਅਦਾਲਤ ਦੇ ਕਮਰੇ ਵਿੱਚ ਕੌਣ ਹੋਵੇਗਾ, ਇਸਦਾ ਉਦਾਹਰਨ ਦੇਖਣ ਲਈ, ਆਖ਼ਰੀ ਪੰਨਾ ਵੇਖੋ।

ਸਾਰੇ ਸਬੂਤ ਸੁਣਨ ਤੋਂ ਬਾਅਦ, ਕੋਰੋਨਰ ਆਪਣੇ ਨਤੀਜੇ ਕੱਢਣ ਲਈ ਇਨਕੁਇਸਟ ਨੂੰ ਮੁਲਤਵੀ ਕਰ ਦਿੰਦਾ ਹੈ। ਮੁਲਤਵੀ ਕਰਨ ਦੀ ਮਿਆਦ ਵੱਖ-ਵੱਖ ਹੁੰਦੀ ਹੈ, ਪਰ ਗੁੰਝਲਦਾਰ ਮਾਮਲਿਆਂ ਵਿੱਚ ਇਹ ਮਹੀਨਿਆਂ ਤੱਕ ਹੋ ਸਕਦੀ ਹੈ।

## ਕੀ ਇਨਕੁਇਸਟ ਆਮ ਹੁੰਦੇ ਹਨ?

ਜ਼ਿਆਦਾਤਰ ਕੋਰੋਨਰੀ ਜਾਂਚਾਂ ਲਈ ਇਨਕੁਇਸਟ ਦੀ ਲੋੜ ਨਹੀਂ ਹੁੰਦੀ ਹੈ। ਜ਼ਿਆਦਾਤਰ ਮਾਮਲਿਆਂ ਵਿੱਚ, ਕੋਰੋਨਰ ਬਿਨਾਂ ਇਨਕੁਇਸਟ ਤੋਂ ਹੀ ਨਤੀਜਾ ਤੈਅ ਕਰਨ ਦੇ ਯੋਗ ਹੁੰਦਾ ਹੈ। ਇਨਕੁਇਸਟ ਉਦੋਂ ਹੀ ਕੀਤੀ ਜਾਣੀ ਲਾਜ਼ਮੀ ਹੁੰਦੀ ਹੈ ਜੇਕਰ:

- ਉਹ ਵਿਅਕਤੀ ਹਿਰਾਸਤ ਵਿੱਚ ਸੀ;
- ਉਹ ਵਿਅਕਤੀ ਕਿਸੇ ਪੁਲਿਸ ਕਾਰਵਾਈ ਵਿੱਚ ਸ਼ਾਮਿਲ ਸੀ (ਜਦ ਤੱਕ ਕੋਰੋਨਰ ਇਹ ਨਾ ਮੰਨੇ ਕਿ ਇਨਕੁਇਸਟ ਦੀ ਲੋੜ ਨਹੀਂ ਹੈ); ਜਾਂ
- ਉਹ ਵਿਅਕਤੀ ਦੇਖਭਾਲ ਵਿੱਚ ਸੀ ਅਤੇ ਉਕਤ ਦੇਖਭਾਲ ਸੇਵਾ ਬਾਰੇ ਚਿੰਤਾ ਜਤਾਈ ਗਈ ਹੋਵੇ।

ਇਸ ਤੋਂ ਇਲਾਵਾ, ਜੇਕਰ ਕੋਰੋਨਰ ਨੂੰ ਇਹ ਲੱਗੇ ਕਿ ਸੁਣਵਾਈ ਜਨਤਕ ਹਿੱਤ ਵਿੱਚ ਹੈ ਤਾਂ ਉਹ ਇਨਕੁਇਸਟ ਕਰਨ ਦਾ ਫ਼ੈਸਲਾ ਕਰ ਸਕਦੇ ਹਨ। ਉਦਾਹਰਨ ਵਜੋਂ, ਕੋਰੋਨਰ ਇਸ ਲਈ ਇਨਕੁਇਸਟ ਕਰਨ ਦਾ ਫ਼ੈਸਲਾ ਕਰ ਸਕਦਾ ਹੈ ਤਾਂ ਜੋ ਉਹ ਜਨਤਕ ਸਿਹਤ ਅਤੇ ਸੁਰੱਖਿਆ ਨੂੰ ਪ੍ਰਭਾਵਿਤ ਕਰਨ ਵਾਲੀ ਪ੍ਰਣਾਲੀ ਦੀਆਂ ਖਾਮੀਆਂ ਦੀ ਜਾਂਚ ਕਰ ਸਕਣ, ਜਾਂ ਜਿੱਥੇ ਮੌਤ ਦੇ ਕਾਰਨ ਅਤੇ ਹਾਲਾਤਾਂ ਬਾਰੇ ਗੰਭੀਰ ਸ਼ੱਕ ਬਾਕੀ ਹੋਵੇ। ਅਟਾਰਨੀ ਜਨਰਲ ਵੀ ਇਨਕੁਇਸਟ ਕਰਵਾਉਣ ਦੇ ਹੁਕਮ ਦੇ ਸਕਦਾ ਹੈ।

## ਕੀ ਕੋਈ ਵੀ ਵਿਅਕਤੀ ਇਨਕੁਇਸਟ ਕਰਵਾਉਣ ਦੀ ਮੰਗ ਕਰ ਸਕਦਾ ਹੈ?

ਹਾਂ। ਤੁਸੀਂ ਕੋਰੋਨਰ ਨੂੰ ਲਿਖਤੀ ਰੂਪ ਵਿੱਚ ਬੇਨਤੀ ਦਰਜ ਕਰਕੇ ਇਹ ਮੰਗ ਕਰ ਸਕਦੇ ਹੋ ਕਿ ਤੁਹਾਡੇ ਵਿਚਾਰ ਵਿੱਚ ਇਨਕੁਇਸਟ ਕਰਵਾਉਣਾ ਜਨਤਕ ਹਿੱਤ ਵਿੱਚ ਕਿਉਂ ਹੈ। ਆਮ ਤੌਰ 'ਤੇ ਕੋਰੋਨਰ ਤੁਹਾਡੀ ਬੇਨਤੀ ਦੇ ਛੇ ਮਹੀਨਿਆਂ ਦੇ ਅੰਦਰ ਫ਼ੈਸਲਾ ਲੈਂਦਾ ਹੈ (ਅਤੇ ਕਾਰਨ ਵੀ ਦੱਸਦਾ ਹੈ)। ਕੋਰੋਨਰ ਇਹ ਫ਼ੈਸਲਾ ਕਰਨ ਲਈ ਵੱਧ ਸਮਾਂ ਲੈਣ ਲਈ ਤੁਹਾਡੇ ਨਾਲ ਸੰਪਰਕ ਕਰ ਸਕਦਾ ਹੈ।

ਜੇਕਰ ਕੋਰੋਨਰ ਇਨਕੁਇਸਟ ਦੀ ਮੰਗ ਨੂੰ ਨਕਾਰ ਦਿੰਦਾ ਹੈ, ਤਾਂ ਸਟੇਟ ਕੋਰੋਨਰ ਕੋਲ ਇਨਕੁਇਸਟ ਕਰਨ ਦੇ ਹੁਕਮ ਦੇਣ ਲਈ ਅਰਜ਼ੀ ਦਿੱਤੀ ਜਾ ਸਕਦੀ ਹੈ। ਜੇਕਰ ਸਟੇਟ ਕੋਰੋਨਰ ਵੀ ਇਨਕੁਇਸਟ ਕਰਵਾਉਣ ਤੋਂ ਇਨਕਾਰ ਕਰਦਾ ਹੈ, ਤਾਂ ਜ਼ਿਲ੍ਹਾ ਅਦਾਲਤ ਵਿੱਚ ਇਨਕੁਇਸਟ ਕਰਵਾਉਣ ਲਈ ਅਰਜ਼ੀ ਦਿੱਤੀ ਜਾ ਸਕਦੀ ਹੈ।

## ਮੈਨੂੰ ਕਿਵੇਂ ਪਤਾ ਲੱਗੇਗਾ ਕਿ ਇਨਕੁਇਸਟ ਕਦੋਂ ਹੋਵੇਗੀ?

ਜੇਕਰ ਇਨਕੁਇਸਟ ਕੀਤੀ ਜਾਣੀ ਹੈ ਤਾਂ ਮ੍ਰਿਤਕ ਦੇ ਨਾਮਜ਼ਦ ਪਰਿਵਾਰਕ ਮੈਂਬਰ ਨੂੰ ਇਸ ਬਾਰੇ ਸੂਚਿਤ ਕੀਤਾ ਜਾਵੇਗਾ। ਇਨਕੁਇਸਟ ਕਾਰਵਾਈਆਂ ਦੀ ਸੂਚੀ CCQ ਦੀ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤੀ ਗਈ ਹੈ: https://www.coronerscourt.qld.gov.au/findings-upcoming-inquests/inquest-proceedings-list

## ਇਨਕੁਇਸਟ ਵਿੱਚ ਕੌਣ ਸ਼ਾਮਿਲ ਹੋ ਸਕਦਾ ਹੈ?

ਕਿਉਂਕਿ ਇਨਕੁਇਸਟ ਵਿੱਚ ਜਨਤਕ ਹਿੱਤ ਬਾਰੇ ਮਾਮਲਿਆਂ 'ਤੇ ਵਿਚਾਰ ਕੀਤਾ ਜਾਂਦਾ ਹੈ, ਇਸ ਲਈ ਇਹ ਆਮ ਤੌਰ 'ਤੇ ਜਨਤਾ ਲਈ ਖੁੱਲ੍ਹੀਆਂ ਹੁੰਦੀਆਂ ਹਨ। ਕੁੱਝ ਵਿਰਲੇ ਮਾਮਲਿਆਂ ਵਿੱਚ, ਕੋਰੋਨਰ ਇਹ ਫ਼ੈਸਲਾ ਕਰ ਸਕਦਾ ਹੈ ਕਿ ਸੁਣਵਾਈ ਦੇ ਕੁੱਝ ਹਿੱਸਿਆਂ ਜਾਂ ਪੂਰੀ ਕਾਰਵਾਈ ਦੌਰਾਨ ਕੁੱਝ ਵਿਸ਼ੇਸ਼ ਵਿਅਕਤੀਆਂ ਜਾਂ ਜਨਤਾ ਨੂੰ ਬਾਹਰ ਰੱਖਿਆ ਜਾਵੇ। ਕੋਰੋਨਰ ਇਹ ਵੀ ਹੁਕਮ ਦੇ ਸਕਦਾ ਹੈ ਕਿ

ਸੁਣੇ ਗਏ ਸਬੂਤਾਂ ਜਾਂ ਕਿਸੇ ਵੀ ਗਵਾਹ ਜਾਂ ਮ੍ਰਿਤਕ ਵਿਅਕਤੀ ਦੇ ਨਾਮ ਨੂੰ ਪ੍ਰਕਾਸ਼ਿਤ ਨਾ ਕੀਤਾ ਜਾਵੇ।

ਮ੍ਰਿਤਕ ਵਿਅਕਤੀ ਦੇ ਪਰਿਵਾਰਕ ਮੈਂਬਰ ਅਤੇ ਦੋਸਤ ਇਨਕੁਇਸਟ ਵਿੱਚ ਸ਼ਾਮਿਲ ਹੋ ਸਕਦੇ ਹਨ। ਹਾਲਾਂਕਿ, ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਇਨਕੁਇਸਟ ਦਾ ਉਦੇਸ਼ ਤੱਥ ਸਾਬਤ ਕਰਨਾ ਹੁੰਦਾ ਹੈ, ਜੋ ਕਿ ਮਾਨਸਿਕ ਤੌਰ 'ਤੇ ਪੀੜਾਦਾਇਕ ਹੋ ਸਕਦਾ ਹੈ। ਇਸ ਮੁਸ਼ਕਲ ਸਮੇਂ ਦੌਰਾਨ ਤੁਹਾਡੇ ਲਈ ਕਾਊਂਸਲਿੰਗ ਅਤੇ ਸਹਾਇਤਾ ਸੇਵਾਵਾਂ ਉਪਲਬਧ ਹਨ। ਸਹਾਇਤਾ ਸੇਵਾਵਾਂ ਦੀ ਸੂਚੀ ਇਸ ਜਾਣਕਾਰੀ ਪੱਤਰ ਦੇ ਅਖੀਰ ਵਿੱਚ ਦਿੱਤੀ ਗਈ ਹੈ।

ਇਨਕੁਇਸਟ ਦੌਰਾਨ ਗਵਾਹਾਂ ਦੇ ਬਿਆਨ ਸੁਣੇ ਜਾਣਗੇ, ਆਡੀਓ ਫਾਈਲਾਂ ਸੁਣੀਆਂ ਜਾਂ ਵੀਡੀਓ ਕਲਿੱਪ ਵੇਖੀਆਂ ਜਾ ਸਕਦੀਆਂ ਹਨ। ਇਨਕੁਇਸਟ ਵਿੱਚ ਗੁੰਝਲਦਾਰ ਕਾਨੂੰਨੀ ਦਲੀਲਾਂ ਅਤੇ ਸਬੂਤਾਂ ਦੀ ਵਿਸਥਾਰ ਜਾਂਚ ਵੀ ਸ਼ਾਮਿਲ ਹੋ ਸਕਦੀ ਹੈ।

ਹਾਲਾਂਕਿ ਕੋਰੋਨਰ ਹਮੇਸ਼ਾ ਇਹ ਯਕੀਨੀ ਬਣਾਉਂਦੇ ਹਨ ਕਿ ਕਾਰਵਾਈ ਸਨਮਾਨਪੂਰਵਕ ਹੋਵੇ, ਪਰ ਇਹ ਅਟੱਲ ਹੈ ਕਿ ਇਨਕੁਇਸਟ ਵਿੱਚ ਕੁੱਝ ਅਜਿਹੀ ਜਾਣਕਾਰੀ ਨਾਲ ਸਾਹਮਣਾ ਹੋ ਸਕਦਾ ਹੈ ਜੋ ਪਰਿਵਾਰ ਲਈ ਅਣਿੱਜੀ ਜਾਂ 'ਰੁੱਖੀ' ਭਾਸ਼ਾ ਵਿੱਚ ਲੱਗ ਸਕਦੀ ਹੈ।

## ਕੀ ਪਰਿਵਾਰ ਨੂੰ ਕਾਨੂੰਨੀ ਨੁਮਾਇੰਦੇ ਦੀ ਲੋੜ ਹੁੰਦੀ ਹੈ?

ਕੋਈ ਵੀ ਵਿਅਕਤੀ ਜਿਸ ਦੀ ਰੁਚੀ ਯੋਗ ਹੋਵੇ (ਇਸ ਵਿੱਚ ਪਰਿਵਾਰਕ ਮੈਂਬਰ ਵੀ ਸ਼ਾਮਲ ਹਨ), ਇਨਕੁਇਸਟ ਵਿੱਚ ਭਾਗ ਲੈਣ ਲਈ ਕੋਰੋਨਰ ਕੋਲ ਅਰਜ਼ੀ ਦੇ ਸਕਦਾ ਹੈ। ਜੇਕਰ ਤੁਹਾਨੂੰ ਇਨਕੁਇਸਟ ਵਿੱਚ ਭਾਗ ਲੈਣ ਦੀ ਇਜਾਜ਼ਤ ਮਿਲ ਜਾਂਦੀ ਹੈ, ਤਾਂ ਤੁਸੀਂ ਸਵਾਲ ਪੁੱਛ ਸਕਦੇ ਹੋ ਅਤੇ ਆਪਣੀਆਂ ਬੇਨਤੀਆਂ ਕਰ ਸਕਦੇ ਹੋ। ਵਿਅਕਤੀ ਆਪਣੇ ਆਪ ਵੀ ਕਾਰਵਾਈ ਕਰ ਸਕਦੇ ਹਨ ਜਾਂ ਉਹ ਕਾਨੂੰਨੀ ਨੁਮਾਇੰਦਾ ਵੀ ਲੈ ਸਕਦੇ ਹਨ।

ਕੋਰੋਨਰ ਦੀ ਸਹਾਇਤਾ ਕਰਨ ਵਾਲਾ ਵਕੀਲ (ਕੌਂਸਲ) ਇੱਕ ਨਿਰਪੱਖ ਵਿਅਕਤੀ ਹੁੰਦਾ ਹੈ ਜੋ ਇਹ ਯਕੀਨੀ ਬਣਾਉਂਦਾ ਹੈ ਕਿ ਸਾਰੀ ਸੰਬੰਧਿਤ ਜਾਣਕਾਰੀ ਕੋਰੋਨਰ ਨੂੰ ਪੇਸ਼ ਕੀਤੀ ਗਈ ਹੈ। ਇਹ ਸਹਾਇਤਾ ਕਰਨ ਵਾਲਾ ਵਕੀਲ ਪਰਿਵਾਰ ਲਈ ਕੰਮ ਨਹੀਂ ਕਰਦਾ, ਪਰ ਉਹ ਇਨਕੁਇਸਟ ਦੀ ਕਾਰਵਾਈ ਅਤੇ ਇਸ ਵਿੱਚ ਚਰਚਾ ਹੋਣ ਵਾਲੇ ਮੁੱਦਿਆਂ ਬਾਰੇ ਛੋਟੀ ਜਿਹੀ ਵਿਆਖਿਆ ਦੇ ਸਕਦਾ ਹੈ। ਜੇਕਰ ਪਰਿਵਾਰ ਦਾ ਕੋਈ ਨੁਮਾਇੰਦਾ ਨਾ ਹੋਵੇ ਅਤੇ ਉਹ ਆਪਣੀ ਨੁਮਾਇੰਦਗੀ ਆਪ ਵੀ ਨਾ ਕਰਨਾ ਚਾਹੁੰਦੇ ਹੋਣ, ਤਾਂ ਸਹਾਇਤਾ ਕਰਨ ਵਾਲਾ ਵਕੀਲ ਪਰਿਵਾਰ ਵੱਲੋਂ ਸੰਬੰਧਿਤ ਸਵਾਲ ਪੁੱਛ ਸਕਦਾ ਹੈ।

## ਕਾਨੂੰਨੀ ਸਹਾਇਤਾ

ਜੇਕਰ ਤੁਸੀਂ ਕਾਨੂੰਨੀ ਸਲਾਹ ਲੈਣਾ ਚਾਹੁੰਦੇ ਹੋ, ਤਾਂ ਤੁਸੀਂ ਹੇਠਾਂ ਦਿੱਤੀਆਂ ਸੇਵਾਵਾਂ ਨਾਲ ਸੰਪਰਕ ਕਰ ਸਕਦੇ ਹੋ ਜਾਂ ਆਪਣੀ ਪਸੰਦ ਦੀ ਕਿਸੇ ਕਾਨੂੰਨੀ ਫ਼ਰਮ ਨਾਲ ਸੰਪਰਕ ਕਰ ਸਕਦੇ ਹੋ:

**ਲੀਗਲ ਏਡ ਕੁਈਨਜ਼ਲੈਂਡ**

ਕਾਨੂੰਨੀ ਸਲਾਹ ਅਤੇ ਮੱਦਦ ਲਈ ਜਾਣਕਾਰੀ ਅਤੇ ਰੈਫ਼ਰਲ ਲੈਣ ਲਈ, ਅਤੇ ਇਸ ਬਾਰੇ ਸਲਾਹ ਲੈਣ ਲਈ ਕਿ ਕੀ ਤੁਸੀਂ ਮੁਫ਼ਤ ਕਾਨੂੰਨੀ ਸਹਾਇਤਾ ਲਈ ਯੋਗ ਹੋ।

ਫ਼ੋਨ: 1300 65 11 88

ਵੈੱਬਸਾਈਟ: www.legalaid.qld.gov.au

**ਕੁਈਨਜ਼ਲੈਂਡ ਲਾਅ ਸੋਸਾਇਟੀ**

ਤੁਹਾਡੇ ਇਲਾਕੇ ਵਿਚਲੀਆਂ ਉਨ੍ਹਾਂ ਕਾਨੂੰਨੀ ਫ਼ਰਮਾਂ ਦੇ ਨਾਮ ਲੱਭਣ ਲਈ, ਜੋ ਇਨਕੁਇਸਟ ਅਤੇ ਕੋਰੋਨਰੀ ਕਾਨੂੰਨ ਵਿੱਚ ਮਾਹਰ ਹਨ।

ਫ਼ੋਨ: 1300 367 757

ਵੈੱਬਸਾਈਟ: www.qls.com.au

**ਕੁਈਨਜ਼ਲੈਂਡ ਕੋਰੋਨਰੀਅਲ ਲੀਗਲ ਸਰਵਿਸ**

ਇਹ ਸੋਗਗ੍ਰਸਤ ਪਰਿਵਾਰਕ ਮੈਂਬਰਾਂ ਨੂੰ ਕੋਰੋਨਲ ਪ੍ਰਕਿਰਿਆ ਦੇ ਕਿਸੇ ਵੀ ਪਹਿਲੂ ਅਤੇ ਸੰਬੰਧਿਤ ਮੁੱਦਿਆਂ ਬਾਰੇ ਮੁਫ਼ਤ ਕਾਨੂੰਨੀ ਸਲਾਹ ਪ੍ਰਦਾਨ ਕਰਦੀ ਹੈ।

ਫ਼ੋਨ: (07) 3214 6333
ਵੈੱਬਸਾਈਟ: https://caxton.org.au/how-we-can-help/queensland-coronial-legal-service/

**ਕਮਿਊਨਿਟੀ ਲੀਗਲ ਸੈਂਟਰ ਕੁਈਨਜ਼ਲੈਂਡ**

ਆਪਣੇ ਨੇੜਲੇ ਕਮਿਊਨਟੀ ਲੀਗਲ ਸੈਂਟਰ ਨੂੰ ਲੱਭੋ।

ਫ਼ੋਨ: (07) 3392 0092
ਵੈੱਬਸਾਈਟ: www.communitylegalqld.org.au/

**ਐਬੋਰਿਜ਼ਨਲ ਐਂਡ ਟੋਰੇਸ ਸਟ੍ਰੇਟ ਆਇਲੈਂਡਰ ਲੀਗਲ ਸਰਵਿਸ**

ਇਹ ਕੁਈਨਜ਼ਲੈਂਡ ਵਿੱਚ ਐਬੋਰਿਜ਼ਨਲ ਐਂਡ ਟੋਰੇਸ ਸਟ੍ਰੇਟ ਆਇਲੈਂਡਰ ਲੋਕਾਂ ਲਈ ਸੱਭਿਆਚਾਰਕ ਤੌਰ 'ਤੇ ਸੰਵੇਦਨਸ਼ੀਲ ਕਾਨੂੰਨੀ ਸੇਵਾਵਾਂ ਹਨ।

ਫ਼ੋਨ: 1800 012 255 (ਮੁਫ਼ਤ ਕਾਲ)
ਈ-ਮੇਲ: coronial@atsils.org.au
ਵੈੱਬਸਾਈਟ: https://atsils.org.au/

## ਕੀ ਮੈਨੂੰ ਗਵਾਹ ਬਣਨਾ ਪਵੇਗਾ?

ਪੁਲਿਸ ਲਈ ਉਸ ਮੌਤ ਬਾਰੇ ਤੁਹਾਡੇ ਵੱਲੋਂ ਬਿਆਨ ਲੈਣਾ ਜ਼ਰੂਰੀ ਹੋ ਸਕਦਾ ਹੈ।

ਤੁਹਾਡਾ ਬਿਆਨ ਪੜ੍ਹਨ ਤੋਂ ਬਾਅਦ, ਕੋਰੋਨਰ ਇਹ ਫ਼ੈਸਲਾ ਕਰ ਸਕਦਾ ਹੈ ਕਿ ਤੁਹਾਨੂੰ ਹੋਰ ਸਬੂਤ ਦੇਣ ਲਈ ਇਨਕੁਇਸਟ ਵਿੱਚ ਹਾਜ਼ਰ ਹੋਣ ਦੀ ਲੋੜ ਹੈ। ਜੇਕਰ ਤੁਹਾਨੂੰ ਗਵਾਹੀ ਦੇਣ ਦੀ ਲੋੜ ਹੈ ਤਾਂ ਤੁਹਾਨੂੰ ਪਹਿਲਾਂ ਹੀ ਸੂਚਿਤ ਕਰ ਦਿੱਤਾ ਜਾਵੇਗਾ। ਜੇਕਰ ਤੁਹਾਨੂੰ ਇਹ ਪਤਾ ਨਹੀਂ ਕਿ ਤੁਹਾਨੂੰ ਕੀ ਕਰਨ ਦੀ ਲੋੜ ਹੈ ਤਾਂ ਤੁਸੀਂ ਕੋਰੋਨਰ

ਦੇ ਦਫ਼ਤਰ ਨਾਲ ਸੰਪਰਕ ਕਰ ਸਕਦੇ ਹੋ। ਤੁਸੀਂ ਕਾਨੂੰਨੀ ਸਲਾਹ ਵੀ ਲੈ ਸਕਦੇ ਹੋ।

## ਇਨਕੁਇਸਟ ਵਿੱਚ ਕਿੰਨਾ ਸਮਾਂ ਲੱਗੇਗਾ?

ਇਨਕੁਇਸਟ ਦੀ ਲੰਬਾਈ ਮਾਮਲੇ ਦੀ ਗੁੰਝਲਤਾ, ਗਵਾਹਾਂ ਦੀ ਗਿਣਤੀ ਅਤੇ ਉਨ੍ਹਾਂ ਵਿਅਕਤੀਆਂ ਦੀ ਸੰਖਿਆ 'ਤੇ ਨਿਰਭਰ ਕਰਦੀ ਹੈ, ਜਿਨ੍ਹਾਂ ਨੂੰ ਹਾਜ਼ਰ ਹੋਣ ਦੀ ਇਜਾਜ਼ਤ ਦਿੱਤੀ ਗਈ ਹੈ। ਲੋੜੀਂਦੇ ਸਮੇਂ ਦਾ ਅੰਦਾਜ਼ਾ ਅਕਸਰ ਪ੍ਰੀ-ਇਨਕੁਇਸਟ ਕਾਨਫਰੰਸ ਵਿੱਚ ਲਗਾਇਆ ਜਾਂਦਾ ਹੈ।

## ਪ੍ਰੀ-ਇਨਕੁਇਸਟ ਕਾਨਫਰੰਸ ਕੀ ਹੁੰਦੀ ਹੈ?

ਪ੍ਰੀ-ਇਨਕੁਇਸਟ ਕਾਨਫਰੰਸ ਆਮ ਤੌਰ 'ਤੇ ਉਦੋਂ ਕੀਤੀ ਜਾਂਦੀ ਹੈ ਜਦੋਂ ਕੋਰੋਨਰ ਇਹ ਫ਼ੈਸਲਾ ਕਰ ਲੈਂਦਾ ਹੈ ਕਿ ਇਨਕੁਇਸਟ ਹੋਣੀ ਚਾਹੀਦੀ ਹੈ। ਪ੍ਰੀ-ਇਨਕੁਇਸਟ ਕਾਨਫਰੰਸ ਦੌਰਾਨ, ਕੋਰੋਨਰ ਦੀ ਸਹਾਇਤਾ ਕਰਨ ਵਾਲਾ ਵਕੀਲ ਆਮ ਤੌਰ 'ਤੇ ਮੌਤ ਬਾਰੇ ਇੱਕ ਸੰਖੇਪ ਜਾਣਕਾਰੀ ਪ੍ਰਦਾਨ ਕਰੇਗਾ ਅਤੇ ਇਨਕੁਇਸਟ ਦੌਰਾਨ ਵਿਚਾਰ ਕੀਤੇ ਜਾਣ ਵਾਲੇ ਮੁੱਦਿਆਂ ਅਤੇ ਬੁਲਾਏ ਜਾਣ ਵਾਲੇ ਗਵਾਹਾਂ ਦੀ ਜਾਣਕਾਰੀ ਵੀ ਦੇਵੇਗਾ। ਸਹਾਇਤਾ ਕਰਨ ਵਾਲੇ ਵਕੀਲ ਇਹ ਵੀ ਸੁਝਾਅ ਦੇਵੇਗਾ ਕਿ ਇਨਕੁਇਸਟ ਕਦੋਂ ਅਤੇ ਕਿੱਥੇ ਹੋਵੇਗੀ। (ਪਰਿਵਾਰ ਸਮੇਤ) ਸ਼ਾਮਿਲ ਵਿਅਕਤੀ ਸਹਾਇਤਾ ਕਰਨ ਵਾਲੇ ਵਕੀਲ ਦੁਆਰਾ ਉਠਾਏ ਗਏ ਮੁੱਦਿਆਂ ਦੇ ਜਵਾਬ ਵਿੱਚ ਬੇਨਤੀਆਂ ਦੇ ਸਕਦੇ ਹਨ। ਕੋਰੋਨਰ ਇਨਕੁਇਸਟ ਦੌਰਾਨ ਚਰਚਾ ਕੀਤੇ ਜਾਣ ਵਾਲੇ ਮੁੱਦਿਆਂ ਅਤੇ, ਨਾਲ ਹੀ ਕਿਹੜੇ ਗਵਾਹ ਗਵਾਹੀ ਦੇਣਗੇ ਉਨ੍ਹਾਂ ਦੀ ਚੋਣ ਕਰੇਗਾ। ਕੋਰੋਨਰ ਇਹ ਵੀ ਨਿਰਧਾਰਤ ਕਰੇਗਾ ਕਿ ਇਨਕੁਇਸਟ ਕਦੋਂ ਅਤੇ ਕਿੱਥੇ ਹੋਵੇਗੀ।

## ਕੋਰੋਨਰ ਦੇ ਨਤੀਜੇ

ਕੋਰੋਨਰ ਲਈ ਮ੍ਰਿਤਕ ਦੀ ਪਹਿਚਾਣ, ਮੌਤ ਕਦੋਂ, ਕਿੱਥੇ ਅਤੇ ਕਿਵੇਂ ਹੋਈ, ਅਤੇ ਮੌਤ ਦਾ ਕਾਰਨ — ਇਨ੍ਹਾਂ ਗੱਲਾਂ ਬਾਰੇ ਲਿਖਤੀ ਨਤੀਜੇ ਜਾਰੀ ਕਰਨੇ ਲਾਜ਼ਮੀ ਹੁੰਦੇ ਹਨ। ਕੋਰੋਨਰ ਇਹ ਨਿਰਧਾਰਤ ਕਰੇਗਾ ਕਿ ਇਹ ਨਤੀਜੇ 'ਖੁੱਲ੍ਹੀ ਅਦਾਲਤ' ਵਿੱਚ ਜਾਰੀ ਕੀਤੇ ਜਾਣਗੇ ਜਾਂ 'ਚੈਂਬਰ' ਵਿੱਚ।

ਕੋਰੋਨਰ ਦੇ ਨਤੀਜੇ (ਅਤੇ ਜਿੱਥੇ ਲਾਗੂ ਹੋਵੇ, ਸਿਫ਼ਾਰਸ਼ਾਂ) ਕਿਸੇ ਹੋਰ ਅਦਾਲਤ ਜਾਂ ਟ੍ਰਿਬਿਊਨਲ ਵਿੱਚ ਸਬੂਤ ਵਜੋਂ ਵਰਤੇ ਨਹੀਂ ਜਾ ਸਕਦੇ ਹਨ। ਹਾਲਾਂਕਿ, ਕੋਰੋਨਰ ਕਿਸੇ ਮਾਮਲੇ ਨੂੰ ਪਬਲਿਕ ਪ੍ਰੋਸੀਕਿਊਸ਼ਨ ਦੇ ਡਾਇਰੈਕਟਰ (Director of Public Prosecutions) ਜਾਂ ਕਿਸੇ ਅਨੁਸ਼ਾਸਨੀ ਸੰਸਥਾ ਵੱਲ ਵਿਚਾਰ ਅਤੇ ਕਾਰਵਾਈ ਕਰਨ ਲਈ ਵੀ ਭੇਜ ਸਕਦਾ ਹੈ।

ਇਹ ਨਤੀਜੇ ਨਾਮਜ਼ਦ ਪਰਿਵਾਰਕ ਮੈਂਬਰ ਨੂੰ ਪ੍ਰਦਾਨ ਕੀਤੇ ਜਾਣਗੇ ਅਤੇ CCQ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤੇ ਜਾਣੇ ਲਾਜ਼ਮੀ ਹਨ:

https://www.coronerscourt.qld.gov.au/findings-upcoming-inquests/search-findings

ਜੇਕਰ ਸਿਫ਼ਾਰਸ਼ਾਂ ਕੀਤੀਆਂ ਜਾਂਦੀਆਂ ਹਨ, ਤਾਂ ਇਹ ਨਤੀਜੇ ਸੰਬੰਧਿਤ ਸਰਕਾਰੀ ਵਿਭਾਗ ਜਾਂ ਏਜੰਸੀ ਨੂੰ ਵੀ ਭੇਜੇ ਜਾਣਗੇ।

## ਸੱਭਿਆਚਾਰਕ ਸੰਵੇਦਨਸ਼ੀਲਤਾ

ਅਸੀਂ ਸੱਭਿਆਚਾਰਕ ਤੌਰ 'ਤੇ ਸੰਵੇਦਨਸ਼ੀਲ ਅਤੇ ਉਚਿਤ ਪ੍ਰਥਾਵਾਂ ਨੂੰ ਉਤਸ਼ਾਹਿਤ ਕਰਨ ਅਤੇ ਅਪਣਾਉਣ ਲਈ ਵਚਨਬੱਧ ਹਾਂ। ਪਰਿਵਾਰਾਂ ਨੂੰ ਇਹ ਸੱਦਾ ਦਿੱਤਾ ਜਾਂਦਾ ਹੈ ਕਿ ਉਹ ਜਾਂਚ ਦੀ ਸ਼ੁਰੂਆਤ ਵਿੱਚ ਹੀ ਆਪਣੇ ਸੱਭਿਆਚਾਰਕ ਜਾਂ ਰਿਸ਼ਤੇਦਾਰੀ ਸੰਬੰਧੀ ਵਿਚਾਰ ਸਾਂਝੇ ਕਰਨ, ਤਾਂ ਜੋ ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਿਆ ਜਾ ਸਕੇ।

ਅਸੀਂ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ ਕਿ ਪਰਿਵਾਰਾਂ ਨੂੰ ਜਾਣਕਾਰੀ ਇਸ ਤਰੀਕੇ ਨਾਲ ਪ੍ਰਦਾਨ ਕੀਤੀ ਜਾਵੇ ਜੋ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਸਤਿਕਾਰਯੋਗ ਹੋਵੇ।

## ਅਨੁਵਾਦਿਤ ਜਾਣਕਾਰੀ

ਅਸੀਂ ਵੱਖ-ਵੱਖ ਸੱਭਿਆਚਾਰਕ ਅਤੇ ਭਾਸ਼ਾਈ ਪਿਛੋਕੜ ਵਾਲੇ ਲੋਕਾਂ ਦੀ ਕੋਰੋਨਲ ਪ੍ਰਕਿਰਿਆ ਤੱਕ ਪਹੁੰਚ ਕਰਨ ਅਤੇ ਸਮਝਣ ਵਿੱਚ ਮੱਦਦ ਲਈ ਦੁਭਾਸ਼ੀਆ ਸੇਵਾਵਾਂ ਦਾ ਪ੍ਰਬੰਧ ਕਰ ਸਕਦੇ ਹਾਂ।

ਤੁਸੀਂ ਅਨੁਵਾਦ ਅਤੇ ਦੁਭਾਸ਼ੀਏ ਸੇਵਾਵਾਂ (TIS 131450) ਨੂੰ ਵੀ ਫ਼ੋਨ ਕਰ ਸਕਦੇ ਹੋ ਅਤੇ 1300 304 605 'ਤੇ ਸਾਡੇ ਨਾਲ ਜੁੜਨ ਲਈ ਇੱਕ ਟੈਲੀਫੋਨ ਦੁਭਾਸ਼ੀਏ ਦੀ ਮੰਗ ਕਰ ਸਕਦੇ ਹੋ।

## ਹੋਰ ਜਾਣਕਾਰੀ

ਪ੍ਰੈਕਟਿਸ ਡਾਇਰੈਕਸ਼ਨਜ਼ ਅਦਾਲਤਾਂ ਵਿੱਚ ਨਿਆਂਇਕ ਅਧਿਕਾਰੀਆਂ ਵੱਲੋਂ ਜਾਰੀ ਕੀਤੇ ਜਾਣ ਵਾਲੇ ਕਾਰਵਾਈ-ਸੰਬੰਧੀ ਦਿਸ਼ਾ-ਨਿਰਦੇਸ਼ ਹੁੰਦੇ ਹਨ।

ਪਰਿਵਾਰਕ ਬਿਆਨਾਂ ਬਾਰੇ ਪ੍ਰੈਕਟਿਸ ਡਾਇਰੈਕਸ਼ਨ ਇੱਥੇ ਮਿਲ ਸਕਦੇ ਹਨ:
https://www.coronerscourt.qld.gov.au/__data/assets/pdf_file/0007/797740/2024.02-family-statements.pdf

ਪ੍ਰੀ-ਇਨਕੁਇਸਟ ਕਾਨਫਰੰਸਾਂ ਅਤੇ ਇਨਕੁਇਸਟ ਦੀ ਕਾਰਵਾਈ ਬਾਰੇ ਪ੍ਰਕਿਰਿਆਵਾਂ ਇੱਥੇ ਮਿਲ ਸਕਦੀਆਂ ਹਨ:

https://www.coronerscourt.qld.gov.au/__data/assets/pdf_file/0012/797736/2024.01-procedures-for-pre-inquest-conferences-and-inquests.pdf

## ਸੰਪਰਕ ਅਤੇ ਸਹਾਇਤਾ ਸੇਵਾਵਾਂ

### ਕੋਰੋਨਰਜ਼ ਕੋਰਟ ਆਫ਼ ਕੁਈਨਜ਼ਲੈਂਡ

GPO Box 1649 Brisbane QLD 4001
ਫ਼ੋਨ: (07) 3738 7050 (*ਮੁੱਖ ਰਜਿਸਟਰੀ, ਬ੍ਰਿਸਬੇਨ*)
ਬ੍ਰਿਸਬੇਨ ਤੋਂ ਬਾਹਰ: 1300 304 605 (ਸਥਾਨਕ ਕਾਲ ਦੀ ਲਾਗਤ)
ਈ-ਮੇਲ: CoronersCourt@justice.qld.gov.au
ਵੈੱਬਸਾਈਟ: www.coronerscourt.qld.gov.au

### ਕੁਈਨਜ਼ਲੈਂਡ ਪੁਲਿਸ ਕੋਰੋਨਰੀਅਲ ਸਪੋਰਟ ਯੂਨਿਟ (CSU)

ਇਹ ਯੂਨਿਟਾਂ ਜ਼ਿਆਦਾਤਰ ਰਜਿਸਟਰੀਆਂ ਵਿੱਚ ਸਹਿ-ਸਥਿਤ ਹਨ ਅਤੇ ਕੋਰੋਨਰੀ ਪ੍ਰਕਿਰਿਆਵਾਂ ਨੂੰ ਤਾਲਮੇਲ ਕਰਕੇ ਚਲਾਉਂਦੀ ਹੈ ਅਤੇ ਫੋਰੈਂਸਿਕ ਪੈਥੋਲੋਜਿਸਟਾਂ ਅਤੇ ਮੁਰਦਾਘਰ ਦੇ ਸਟਾਫ਼ ਨਾਲ ਸੰਪਰਕ ਵਿੱਚ ਰਹਿੰਦੀ ਹੈ।

ਫ਼ੋਨ: (07) 3292 5901
ਈ-ਮੇਲ: QPSOfficeStateCoroner@police.qld.gov.au

### ਫੋਰੈਂਸਿਕ ਪੈਥੋਲੋਜੀ ਅਤੇ ਕੋਰੋਨਰੀ ਸੇਵਾਵਾਂ

ਫ਼ੋਨ: 1800 000 377 (ਮੁਫ਼ਤ ਕਾਲ)
ਈ-ਮੇਲ: Forensics@health.qld.gov.au

### ਕੋਰੋਨਰੀ ਪਰਿਵਾਰਕ ਸੇਵਾਵਾਂ

ਫ਼ੋਨ: (07) 3096 2794
1800 449 171 (ਮੁਫ਼ਤ ਕਾਲ)
ਈ-ਮੇਲ: FSS.Counsellors@health.qld.gov.au

### ਜਨਮ, ਮੌਤਾਂ ਅਤੇ ਵਿਆਹਾਂ ਦੀ ਰਜਿਸਟਰੀ

PO Box 15188 City East QLD 4002
ਫ਼ੋਨ: 13 74 68
ਈ-ਮੇਲ: bdm-mail@justice.qld.gov.au
ਵੈੱਬਸਾਈਟ: www.qld.gov.au/rbdm

### ਵਿਕਟਮ ਅਸਿਸਟ ਕੁਈਨਜ਼ਲੈਂਡ (Victim Assist Queensland)

ਇਹ ਅਪਰਾਧ ਪੀੜਤਾਂ ਨੂੰ ਜਾਣਕਾਰੀ, ਸਲਾਹ, ਸਹਾਇਤਾ ਸੇਵਾਵਾਂ ਅਤੇ ਆਰਥਿਕ ਮੱਦਦ ਪ੍ਰਦਾਨ ਕਰਦਾ ਹੈ।

ਫ਼ੋਨ: 1300 546 587
ਵੈੱਬਸਾਈਟ: https://www.qld.gov.au/law/crime-and-police/victim-assist-queensland

### ਸਿਹਤ ਲੋਕਪਾਲ ਦਾ ਦਫ਼ਤਰ (The Office of the Health Ombudsman)

ਇਹ ਕੁਈਨਜ਼ਲੈਂਡ ਦੀਆਂ ਸਿਹਤ ਸੇਵਾਵਾਂ ਜਾਂ ਸੇਵਾ ਪ੍ਰਦਾਤਾਵਾਂ ਬਾਰੇ ਸ਼ਿਕਾਇਤਾਂ ਜਾਂ ਚਿੰਤਾਵਾਂ ਲੈਣ ਵਾਲੀ ਏਜੰਸੀ ਹੈ।

ਫ਼ੋਨ: 133 646
ਵੈੱਬਸਾਈਟ: www.oho.qld.gov.au

### ਕੰਮ ਨਾਲ ਸੰਬੰਧਿਤ ਮੌਤਾਂ ਅਤੇ ਗੰਭੀਰ ਘਟਨਾਵਾਂ ਲਈ ਸਲਾਹਕਾਰ ਕਮੇਟੀ

ਇਹ ਕੰਮਕਾਜ ਦੌਰਾਨ ਮੌਤ ਜਾਂ ਗੰਭੀਰ ਘਟਨਾ ਦੇ ਪ੍ਰਭਾਵਿਤ ਜ਼ਖ਼ਮੀ ਕਰਮਚਾਰੀਆਂ ਅਤੇ ਪਰਿਵਾਰਾਂ ਨੂੰ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕਰਦੀ ਹੈ।

ਫ਼ੋਨ: 0417 910 130
ਈ-ਮੇਲ: OHSConsultativeCommittee@oir.qld.gov.au
ਵੈੱਬਸਾਈਟ: www.worksafe.qld.gov.au/about-us/consultative-committee

### ਕੁਈਨਜ਼ਲੈਂਡ ਹੋਮੀਸਾਈਡ ਵਿਕਟਮ ਸਪੋਰਟ ਗਰੁੱਪ (Queensland Homicide Victim Support Group)

ਇਹ ਹੱਤਿਆ ਤੋਂ ਪ੍ਰਭਾਵਿਤ ਵਿਅਕਤੀਆਂ ਲਈ 24 ਘੰਟੇ / 7 ਦਿਨ ਸਹਾਇਤਾ, ਵਕਾਲਤ ਅਤੇ ਜਾਣਕਾਰੀ ਮੁਹੱਈਆ ਕਰਦਾ ਹੈ।

ਫ਼ੋਨ: 1800 774 744
ਵੈੱਬਸਾਈਟ: www.qhvsg.org.au/

### ਕੰਪੈਸ਼ਨੇਟ ਫ੍ਰੈਂਡਜ਼ ਕੁਈਨਜ਼ਲੈਂਡ (Compassionate Friends Queensland)

ਇਹ ਬੱਚੇ ਦੀ ਮੌਤ ਤੋਂ ਬਾਅਦ ਪਰਿਵਾਰਾਂ ਨੂੰ ਦੋਸਤੀ ਅਤੇ ਸੋਗ ਸਿੱਖਿਆ ਪ੍ਰਦਾਨ ਕਰਦਾ ਹੈ।

ਫ਼ੋਨ: 1300 064 068
ਈ-ਮੇਲ: admin@tcfqld.org.au
ਵੈੱਬਸਾਈਟ: https://tcfa.org.au/qld/

### ਸਰਵਾਈਵਰਜ਼ ਆਫ਼ ਸੁਇਸਾਈਡ ਬਿਰੀਵਮੈਂਟ ਸਪੋਰਟ ਐਸੋਸੀਏਸ਼ਨ (SOSBSA)

ਖੁਦਕੁਸ਼ੀ ਕਾਰਨ ਪੀੜਤ ਪਰਿਵਾਰਾਂ ਅਤੇ ਖੁਦਕੁਸ਼ੀ ਕਰਨ ਦੇ ਖ਼ਤਰੇ ਵਿੱਚ ਹੋਣ ਵਾਲਿਆਂ ਲਈ ਸਹਾਇਤਾ ਪ੍ਰਦਾਨ ਕਰਦਾ ਹੈ।

ਫ਼ੋਨ: 1300 659 467
ਵੈੱਬਸਾਈਟ: www.sosbsa.org.au

### ਸਟੈਂਡਬਾਏ (Standby) - ਖੁਦਕੁਸ਼ੀ ਤੋਂ ਬਾਅਦ ਸਹਾਇਤਾ

ਖੁਦਕੁਸ਼ੀ ਕਾਰਨ ਸੋਗ ਗ੍ਰਸਤ ਜਾਂ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਕਰਨਾ।

ਫ਼ੋਨ: 1300 727 247
ਬੋਲੇ ਅਤੇ ਘੱਟ ਸੁਣਨ ਵਾਲੇ ਲੋਕਾਂ ਲਈ: SMS 0428 842 041 (ਸਵੇਰੇ 6 ਵਜੇ ਤੋਂ ਰਾਤ 10 ਵਜੇ ਤੱਕ, ਹਫ਼ਤੇ ਦੇ 7 ਦਿਨ)
ਵੈੱਬਸਾਈਟ:www.standbysupport.com.au

### ਸੁਇਸਾਈਡ ਕਾਲ ਬੈਕ ਸਰਵਿਸ (Suicide Call Back Service)

ਇਹ ਖੁਦਕੁਸ਼ੀ ਤੋਂ ਪ੍ਰਭਾਵਿਤ ਲੋਕਾਂ ਨੂੰ 24 ਘੰਟੇ / 7 ਦਿਨ ਮੁਫ਼ਤ ਫ਼ੋਨ ਅਤੇ ਔਨਲਾਈਨ ਸਲਾਹ ਪ੍ਰਦਾਨ ਕਰਦੀ ਹੈ।

ਫ਼ੋਨ: 1300 659 467
ਵੈੱਬਸਾਈਟ: www.suicidecallbackservice.org.au/

### ਰੋਜ਼ਿਜ਼ ਇਨ ਦ ਓਸ਼ਨ (Roses in the Ocean)

ਇਹ ਇੱਕ ਪੀਅਰ ਕੇਅਰ ਕੰਪੈਨੀਅਨ ਵਾਰਮਲਾਈਨ ਸੇਵਾ ਹੈ — ਜਿਸ ਤਹਿਤ ਤੁਸੀਂ ਇੱਕ ਸਿਖਲਾਈ ਪ੍ਰਾਪਤ ਵਾਲੰਟੀਅਰ ਨਾਲ ਗੱਲ ਕਰ ਸਕਦੇ ਹੋ ਜੋ ਆਪ ਵੀ ਕਿਸੇ ਦੇ ਖ਼ੁਦਕੁਸ਼ੀ ਕਰਨ ਕਾਰਨ ਦੁੱਖੀ ਹੋ ਚੁੱਕਿਆ ਹੋਵੇ।

ਫ਼ੋਨ: ਕਾਲਬੈਕ ਸੇਵਾ 1800 77 7337
ਵੈੱਬਸਾਈਟ: https://rosesintheocean.com.au/

### ਲਾਈਫ਼ਲਾਈਨ ਆਸਟਰੇਲੀਆ (Lifeline Australia)

ਇਹ 24 ਘੰਟੇ / 7 ਦਿਨ ਮੁਫ਼ਤ ਫ਼ੋਨ ਸੰਕਟ ਸਹਾਇਤਾ ਪ੍ਰਦਾਨ ਕਰਦਾ ਹੈ।

ਫ਼ੋਨ: 13 11 14
ਵੈੱਬਸਾਈਟ: www.lifeline.org.au/

### ਕਿਡਜ਼ ਹੈਲਪਲਾਈਨ (Kids Helpline)

ਇਹ 5 ਤੋਂ 25 ਸਾਲ ਦੀ ਉਮਰ ਦੇ ਨੌਜਵਾਨਾਂ ਲਈ ਮੁਫ਼ਤ ਅਤੇ ਗੁਪਤ 24 ਘੰਟੇ / 7 ਦਿਨ ਔਨਲਾਈਨ ਅਤੇ ਫ਼ੋਨ ਕਾਊਂਸਲਿੰਗ ਪ੍ਰਦਾਨ ਕਰਦਾ ਹੈ।

ਫ਼ੋਨ: 1800 55 1800
ਵੈੱਬਸਾਈਟ: www.kidshelpline.com.au/

### ਮੇਨਜ਼ਲਾਈਨ (Mensline)

ਇਹ ਆਸਟ੍ਰੇਲੀਆਈ ਮਰਦਾਂ ਲਈ ਮੁਫ਼ਤ ਟੈਲੀਫ਼ੋਨ ਅਤੇ ਔਨਲਾਈਨ ਕਾਊਂਸਲਿੰਗ ਅਤੇ ਸਹਾਇਤਾ ਪ੍ਰਦਾਨ ਕਰਦਾ ਹੈ।

ਫ਼ੋਨ: 1300 78 99 78
ਵੈੱਬਸਾਈਟ: www.mensline.org.au/

## ਫਰਸਟ ਨੇਸ਼ਨਜ਼ ਲੋਕਾਂ ਲਈ ਪਰਿਵਾਰਕ ਸਹਾਇਤਾ ਸੇਵਾਵਾਂ (First Nations Family Support Services)

### 13 ਯਾਰਨ (13 YARN)

ਇਹ ਉਨ੍ਹਾਂ ਲੋਕਾਂ ਲਈ ਜੋ ਹਾਵੀਪਨ ਮਹਿਸੂਸ ਕਰ ਰਹੇ ਹਨ ਜਾਂ ਭਾਵਨਾਵਾਂ ਦਾ ਸਾਹਮਣਾ ਕਰਨ ਵਿੱਚ ਔਖਿਆਈ ਮਹਿਸੂਸ ਕਰ ਰਹੇ ਹਨ, ਸੱਭਿਆਚਾਰਕ ਤੌਰ 'ਤੇ ਸੁਰੱਖਿਅਤ 24 ਘੰਟੇ / 7 ਦਿਨ ਮੁਫ਼ਤ ਸਹਾਇਤਾ ਲਾਈਨ ਪ੍ਰਦਾਨ ਕਰਦਾ ਹੈ।

ਫ਼ੋਨ: 13 92 76
ਵੈੱਬਸਾਈਟ: www.13yarn.org.au/

### ਐਬੋਰਿਜ਼ਨਲ ਐਂਡ ਟੋਰੇਸ ਸਟ੍ਰੇਟ ਆਇਲੈਂਡਰ ਪਰਿਵਾਰਕ ਭਲਾਈ ਸੇਵਾਵਾਂ (Aboriginal and Torres Strait Islander Family Wellbeing Services)

ਇਹ ਐਬੋਰਿਜ਼ਨਲ ਐਂਡ ਟੋਰੇਸ ਸਟ੍ਰੇਟ ਆਇਲੈਂਡਰ ਪਰਿਵਾਰਾਂ ਨੂੰ ਸਮਾਜਿਕ, ਭਾਵਨਾਤਮਕ, ਸਰੀਰਕ ਅਤੇ ਅਧਿਆਤਮਿਕ ਤੰਦਰੁਸਤੀ ਨੂੰ ਬਿਹਤਰ ਬਣਾਉਣ ਲਈ ਅਤੇ ਉਨ੍ਹਾਂ ਨੂੰ ਆਪਣੇ ਬੱਚਿਆਂ ਦੀ ਸੁਰੱਖਿਅਤ ਦੇਖਭਾਲ ਅਤੇ ਸੁਰੱਖਿਆ ਕਰਨ ਵਿੱਚ ਮੱਦਦ ਕਰਨ ਲਈ ਮੁਫ਼ਤ ਅਤੇ ਗੁਪਤ ਸਹਾਇਤਾ ਪ੍ਰਦਾਨ ਕਰਦੀ ਹੈ।

ਫ਼ੋਨ: 1300 117 095
ਵੈੱਬਸਾਈਟ: www.familywellbeingqld.org.au/

### ਥਿਰਿਲੀ (Thirrili)

ਥਿਰੀਲੀ ਇੰਡੀਜੀਨਸ ਪੋਸਟਵੈਂਸ਼ਨ ਰਿਸਪਾਂਸ ਸਰਵਿਸ (Thirrili Indigenous Postvention Response Service) ਖ਼ੁਦਕੁਸ਼ੀ ਤੋਂ ਬਾਅਦ ਲੱਗੇ ਸਦਮੇ ਦਾ ਸਾਹਮਣਾ ਕਰ ਰਹੇ ਭਾਈਚਾਰਿਆਂ, ਪਰਿਵਾਰਾਂ ਅਤੇ ਵਿਅਕਤੀਆਂ ਦੀ ਸਹਾਇਤਾ ਕਰਦੀ ਹੈ। ਇਹ ਸੇਵਾ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਸਹਾਇਤਾ ਪ੍ਰਣਾਲੀ ਦੇ ਰਾਹੀਂ ਸਥਾਨਕ ਸੱਭਿਆਚਾਰਕ ਰੀਤ-ਰਿਵਾਜਾਂ ਅਤੇ ਅਭਿਆਸਾਂ ਦਾ ਆਦਰ ਕਰਦੀ ਹੈ ਅਤੇ ਸੋਗ ਦੀ ਘੜੀ ਅਤੇ ਉਸਤੋਂ ਉੱਭਰਨ ਦੀ ਪ੍ਰਕਿਰਿਆ ਵਿੱਚ ਸਵੈ-ਨਿਰਣੈ ਨੂੰ ਉਤਸ਼ਾਹਿਤ ਕਰਦੀ ਹੈ। ਥਿਰੀਲੀ ਹਫ਼ਤੇ ਦੇ 24 ਘੰਟੇ, 7 ਦਿਨ ਖ਼ੁਦਕੁਸ਼ੀ ਸਹਾਇਤਾ ਫ਼ੋਨ ਸੇਵਾ ਚਲਾਉਂਦੀ ਹੈ।

ਫ਼ੋਨ: 1800 805 801
ਵੈੱਬਸਾਈਟ: https://thirrili.com.au/

### ਮੌਬ ਲਿੰਕ (Mob Link)

ਇਹ ਇੱਕ ਸਮਰਪਿਤ ਟੀਮ ਰਾਹੀਂ ਚਲਾਇਆ ਜਾਂਦਾ ਹੈ ਜਿਸ ਵਿੱਚ ਇਨਟੇਕ ਅਫ਼ਸਰ, ਨਰਸਾਂ, ਡਾਕਟਰ, ਇੰਡੀਜਨਸ ਆਊਟਰੀਚ ਵਰਕਰ ਅਤੇ ਸੋਸ਼ਲ ਵਰਕਰ ਸ਼ਾਮਲ ਹਨ, ਮੌਬ ਲਿੰਕ ਦੱਖਣੀ-ਪੂਰਬੀ ਕੁਈਨਜ਼ਲੈਂਡ ਵਿੱਚ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਨੂੰ ਲੋਕਾਂ ਨੂੰ ਉਸੇ ਦਿਨ ਦੀ ਦੇਖਭਾਲ ਜਾਂ ਸਿਹਤ ਅਤੇ ਸਮਾਜਿਕ ਸੇਵਾਵਾਂ ਨਾਲ ਜੁੜਨ ਲਈ ਸਹਾਇਤਾ ਪ੍ਰਦਾਨ ਕਰਦਾ ਹੈ।

ਫ਼ੋਨ: ਫ਼ੋਨ: 1800 254 354 ਸਵੇਰੇ 7 ਵਜੇ ਤੋਂ ਰਾਤ 8 ਵਜੇ ਤੱਕ, 365 ਦਿਨ ਵੈੱਬਸਾਈਟ:https://www.iuih.org.au/our-services/mob-link/

# ਅਦਾਲਤ ਵਿੱਚ

## ਕੋਰੋਨਰ ਬੈਂਚ

**ਕੋਰੋਨਲ ਕੋਰਟ ਸਪੋਰਟ ਅਫ਼ਸਰ:**
ਉਹ ਅਦਾਲਤ ਦੇ ਸੁਣਵਾਈ ਵਾਲੇ ਕਮਰੇ ਦੀ ਕਾਰਵਾਈ ਚਲਾਉਂਦੇ ਹਨ, ਇਨਕੁਇਸਟ ਦੀ ਰਿਕਾਰਡਿੰਗ ਕਰਦੇ ਹਨ, ਅਤੇ ਗਵਾਹਾਂ ਤੋਂ ਸਹੁੰ ਚੁਕਵਾਉਂਦੇ/ਘੋਸ਼ਣਾ ਲੈਂਦੇ ਹਨ।

**ਗਵਾਹ:**
ਉਹ ਵਿਅਕਤੀ ਜੋ ਇਨਕੁਇਸਟ ਵਿੱਚ ਗਵਾਹੀ ਦੇਣ ਲਈ ਬੁਲਾਇਆ ਜਾਂਦਾ ਹੈ।

**ਕੌਂਸਲ ਅਸਿਸਟਿੰਗ:**
ਇੱਕ ਵਕੀਲ ਜੋ ਇਨਕੁਇਸਟ ਦੌਰਾਨ ਕੋਰੋਨਰ ਦੀ ਮੱਦਦ ਕਰਦਾ ਹੈ

**ਵਕੀਲ:**
ਵਕੀਲ ਜੋ ਹੋਰ ਦਿਲਚਸਪੀ ਰੱਖਣ ਵਾਲੀਆਂ ਧਿਰਾਂ ਦੀ ਨੁਮਾਇੰਦਗੀ ਕਰਦੇ ਹਨ

**ਪਰਿਵਾਰ ਅਤੇ ਦੋਸਤ: ਮ੍ਰਿਤਕ ਵਿਅਕਤੀ ਦੇ ਪਿਆਰੇ**

**ਮੀਡੀਆ ਅਤੇ ਜਨਤਾ:**
ਜ਼ਿਆਦਾਤਰ ਇਨਕੁਇਸਟ ਜਨਤਾ ਲਈ ਖੁੱਲ੍ਹੇ ਹੁੰਦੇ ਹਨ – ਮੀਡੀਆ ਅਤੇ ਜਨਤਾ ਦੇ ਮੈਂਬਰ ਇਨਕੁਇਸਟ ਵਿੱਚ ਸ਼ਾਮਿਲ ਹੋ ਸਕਦੇ ਹਨ।